**NYC Mayor's Office of Immigrant Affairs**

# ਯਾਤਰਾ ਲਈ ਸੁਝਾਅ: ਹਵਾਈ ਅੱਡਿਆਂ 'ਤੇ ICE

## ਜੇਕਰ ਤੁਹਾਨੂੰ ਲੋੜ ਹੋਵੇ ਤਾਂ ਇੱਕ ਸੁਰੱਖਿਆ ਯੋਜਨਾ ਬਣਾਓ

ਜੇਕਰ ਤੁਹਾਡਾ ਕੋਈ ਇਮੀਗ੍ਰੇਸ਼ਨ ਕੇਸ ਚੱਲ ਰਿਹਾ ਹੈ, ਤਾਂ ਯਾਤਰਾ ਕਰਨ ਜਾਂ ਹਵਾਈ ਅੱਡੇ 'ਤੇ ਜਾਣ ਤੋਂ ਪਹਿਲਾਂ ਕਿਸੇ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰਨ ਬਾਰੇ ਵਿਚਾਰ ਕਰੋ।

ਕਿਸੇ ਵਕੀਲ, ਦੋਸਤ, ਪਰਿਵਾਰਕ ਮੈਂਬਰ, ਜਾਂ ਕਿਸੇ ਹੋਰ ਐਮਰਜੈਂਸੀ ਸੰਪਰਕ ਵਿਅਕਤੀ ਦਾ ਫ਼ੋਨ ਨੰਬਰ ਆਪਣੇ ਕੋਲ ਰੱਖੋ। ਉਨ੍ਹਾਂਨੂੰ ਯਾਦ ਰੱਖਣ ਦੀ ਕੋਸ਼ਿਸ਼ ਕਰੋ, ਜਾਂ ਉਨ੍ਹਾਂਨੂੰ ਆਪਣੇ ਕੋਲ ਰੱਖੋ।

ਕਿਸੇ ਭਰੋਸੇਮੰਦ ਦੋਸਤ, ਪਰਿਵਾਰਕ ਮੈਂਬਰ, ਜਾਂ ਐਮਰਜੈਂਸੀ ਸੰਪਰਕ ਨਾਲ ਆਪਣਾ ਟਿਕਾਣਾ ਸਾਂਝਾ ਕਰੋ।

ਕਿਸੇ ਭਰੋਸੇਮੰਦ ਦੋਸਤ, ਪਰਿਵਾਰਕ ਮੈਂਬਰ, ਜਾਂ ਐਮਰਜੈਂਸੀ ਸੰਪਰਕ ਨਾਲ ਆਪਣੀ ਫਲਾਇਟ ਦੀ ਜਾਣਕਾਰੀ ਸਾਂਝੀ ਕਰੋ।

## ਮਾਪਿਆਂ ਵੱਲ ਖ਼ਾਸ ਧਿਆਨ

ਪਰਿਵਾਰ ਕਿਸੇ ਭਰੋਸੇਮੰਦ ਬਾਲਗ ਨੂੰ, ਨਿਯੁਕਤੀ ਜਾਂ ਸਰਪ੍ਰਸਤੀ ਰਾਹੀਂ, ਆਪਣੇ ਬੱਚਿਆਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਸੌਂਪਣ ਬਾਰੇ ਵਿਚਾਰ ਕਰ ਸਕਦੇ ਹਨ। ਅਸੀਂ ਪੁਰਜ਼ੋਰ ਢੰਗ ਨਾਲ ਸਲਾਹ ਦਿੰਦੇ ਹਾਂ ਕਿ, ਇਹ ਕਦਮ ਚੁੱਕਣ ਤੋਂ ਪਹਿਲਾਂ, ਤੁਸੀਂ ਇਹ ਸਮਝਣ ਲਈ ਕਿਸੇ ਅਟਾਰਨੀ ਨਾਲ ਸਲਾਹ ਕਰੋ ਕਿ ਤੁਹਾਡੇ ਪਰਿਵਾਰ ਲਈ ਕੀ ਸਹੀ ਹੈ।

ਵਧੇਰੇ ਜਾਣਕਾਰੀ ਲਈ, QR ਕੋਡ ਨੂੰ ਸਕੈਨ ਕਰਕੇ ਜਾਂ ਇਸ ਵੈੱਬਸਾਈਟ 'ਤੇ ਜਾ ਕੇ ਪ੍ਰਵਾਸੀ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਵਸੀਲੇ ਨਾਂ ਦਾ ਸਾਡਾ ਫਲਾਇਅਰ ਵੇਖੋ: **www.nyc.gov/knowyourrights**

ਆਪਣੀ ਸਥਿਤੀ ਸੰਬੰਧੀ ਖ਼ਾਸ ਮਾਰਗਦਰਸ਼ਨ ਲਈ, ਕਿਰਪਾ ਕਰਕੇ ਇਸ ਬਾਰੇ ਜਾਣਕਾਰੀ ਲਈ ਸ਼ਹਿਰ ਤੋਂ ਵਿੱਤੀ ਸਹਾਇਤਾ ਪ੍ਰਾਪਤ, ਮੁਫ਼ਤ, ਅਤੇ ਮੇਯਰ ਦਾ ਪ੍ਰਵਾਸੀ ਮਾਮਲਿਆਂ ਦਾ ਦਫ਼ਤਰ (Mayor's Office of Immigrant Affairs, MOIA) ਦੀ ਸੁਰੱਖਿਅਤ ਇਮੀਗ੍ਰੇਸ਼ਨ ਲੀਗਲ ਸਪੋਰਟ ਹਾਟਲਾਈਨ 'ਤੇ ਕਾਲ ਕਰੋ ਕਿ ਇਮੀਗ੍ਰੇਸ਼ਨ-ਸੰਬੰਧੀ ਕਨੂੰਨੀ ਸਹਾਇਤਾ ਕਿਵੇਂ ਅਤੇ ਕਿੱਥੋਂ ਪ੍ਰਾਪਤ ਕੀਤੀ ਜਾਵੇ। ਨਿਊਯਾਰਕ ਸਿਟੀ ਦੇ ਉਨ੍ਹਾਂ ਨਿਵਾਸੀਆਂ ਲਈ ਮੁਫ਼ਤ ਕਨੂੰਨੀ ਸਹਾਇਤਾ ਉਪਲਬਧ ਹੈ ਜੋ ਆਮਦਨ-ਸੰਬੰਧੀ ਕੁਝ ਸ਼ਰਤਾਂ ਨੂੰ ਪੂਰਾ ਕਰਦੇ ਹਨ।

**800-354-0365**

**Mayor's Office of Immigrant Affairs**

# ਯਾਤਰਾ ਲਈ ਸੁਝਾਅ: ਹਵਾਈ ਅੱਡਿਆਂ 'ਤੇ ICE

*Punjabi* | ਪੰਜਾਬੀ • ਮਾਰਚ *2026*

**23 ਮਾਰਚ, 2026 ਤੋਂ, ਹੋਮਲੈਂਡ ਸੁਰੱਖਿਆ ਵਿਭਾਗ (Department of Homeland Security, DHS) ਦੇ ਅੰਸ਼ਕ ਸਰਕਾਰੀ ਸ਼ਟਡਾਊਨ ਦੇ ਵਿਚਕਾਰ ਸੁਰੱਖਿਆ ਕਾਰਜਾਂ ਵਿੱਚ ਸਹਾਇਤਾ ਕਰਨ ਲਈ 14 ਅਮਰੀਕੀ ਹਵਾਈ ਅੱਡਿਆਂ 'ਤੇ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (Immigration and Customs Enforcement, ICE) ਦੇ ਏਜੰਟਾਂ ਨੂੰ ਤੈਨਾਤ ਕੀਤਾ ਜਾਵੇਗਾ।**

## ਹਵਾਈ ਅੱਡੇ 'ਤੇ ਕੀ ਉਮੀਦ ਕਰਨੀ ਚਾਹੀਦੀ ਹੈ?

ICE ਨੂੰ ਦੇਸ਼ ਭਰ ਦੇ 14 ਹਵਾਈ ਅੱਡਿਆਂ 'ਤੇ ਤੈਨਾਤ ਕੀਤਾ ਗਿਆ ਹੈ, ਜਿਨ੍ਹਾਂ ਵਿੱਚ LaGuardia, JFK ਅਤੇ Newark ਸ਼ਾਮਲ ਹਨ।

ਹਵਾਈ ਅੱਡੇ 'ਤੇ ਸੁਰੱਖਿਆ ਜਾਂਚ ਦੀਆਂ ਲੰਬੀਆਂ ਕਤਾਰਾਂ ਲਈ ਤਿਆਰ ਰਹੋ। ਜਲਦੀ ਪਹੁੰਚੋ ਤਾਂ ਜੋ ਤੁਸੀਂ ਆਪਣੀ ਫਲਾਇਟ ਲਈ ਸਮੇਂ ਸਿਰ ਸਕ੍ਰੀਨਿੰਗ ਪੂਰੀ ਕਰ ਸਕੋ।

## ਕਿਰਪਾ ਕਰਕੇ ਜ਼ਰੂਰੀ ਦਸਤਾਵੇਜ਼ਾਂ ਦੀਆਂ ਭੌਤਿਕ ਕਾਪੀਆਂ ਲਿਆਓ

ਸਥਿਤੀ ਦਾ ਵੈਧ ਸਬੂਤ, ਜਿਵੇਂ ਕਿ ਇੱਕ ਵੈਧ ਵੀਜ਼ਾ, ਗ੍ਰੀਨ ਕਾਰਡ, ਵਰਕ ਪਰਮਿਟ, ਜਾਂ ਕਿਸੇ ਵੀ ਲੰਬਿਤ ਅਰਜ਼ੀ ਲਈ ਰਸੀਦ ਨੋਟਿਸ।

ਜੇਕਰ ਤੁਹਾਡਾ ਕੇਸ ਬੰਦ ਕਰ ਦਿੱਤਾ ਗਿਆ ਸੀ, ਤਾਂ ਫੌਜਦਾਰੀ ਅਦਾਲਤ ਦੇ ਹੁਕਮਾਂ ਦੀਆਂ ਸੰਬੰਧਿਤ ਪ੍ਰਮਾਣਿਤ ਕਾਪੀਆਂ। ਇਸ ਬਾਰੇ ਕਿਸੇ ਅਟਾਰਨੀ ਤੋਂ ਰਾਏ ਲਓ ਕਿ ਤੁਹਾਡੀ ਖ਼ਾਸ ਸਥਿਤੀ ਲਈ ਕਿਹੜੇ ਦਸਤਾਵੇਜ਼ ਢੁੱਕਵੇਂ ਹਨ।

ਤੁਹਾਡੀ ਟਿਕਟ ਜਾਂ ਬੋਰਡਿੰਗ ਪਾਸ।

**ਇਹ ਜਾਣਕਾਰੀ ਸਿਰਫ਼ ਆਮ ਸਿੱਖਿਆ ਦੇ ਉਦੇਸ਼ਾਂ ਲਈ ਹੈ ਅਤੇ ਇਹ ਕਨੂੰਨੀ ਸਲਾਹ ਨਹੀਂ ਹੈ। ਜੇਕਰ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣਕਾਰ ਨੂੰ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਬਾਰੇ ਚਿੰਤਾਵਾਂ ਹਨ ਅਤੇ ਤੁਸੀਂ ਯਾਤਰਾ ਕਰਨ ਦੀ ਯੋਜਨਾ ਬਣਾ ਰਹੇ ਹੋ, ਤਾਂ ਅਸੀਂ ਤੁਹਾਨੂੰ ਪੁਰਜ਼ੋਰ ਢੰਗ ਨਾਲ ਸਲਾਹ ਦਿੰਦੇ ਹਾਂ ਕਿ ਆਪਣੀ ਯਾਤਰਾ ਤੋਂ ਪਹਿਲਾਂ ਤੁਸੀਂ ਕਿਸੇ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ।**